# ਝੋਨੇ ਵਿੱਚ ਮਧਰੇਪਨ ਦੀ ਸਮੱਸਿਆ ਨੂੰ ਰੋਕਣ ਲਈ ਚਿੱਟੀ ਪਿੱਠ ਵਾਲੇ ਟਿੱਡਿਆਂ ਨੂੰ ਕਾਬੂ ਕਰੋ

ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ ਏ ਯੂ), ਲੁਧਿਆਣਾ ਦੇ ਮਾਹਿਰਾਂ ਨੇ ਕਿਸਾਨਾਂ ਨੂੰ ਝੋਨੇ ਵਿੱਚ ਵਾਈਟ ਬੈਕਡ ਪਲਾਂਟ ਹਾਪਰ/ਚਿੱਟੀ ਪਿੱਠ ਵਾਲੇ ਟਿੱਡਿਆਂ ਦੀ ਮੌਜੂਦਗੀ ਬਾਰੇ ਸੁਚੇਤ ਰਹਿਣ ਦੀ ਸਲਾਹ ਦਿੱਤੀ ਹੈ। ਚਿੱਟੀ ਪਿੱਠ ਵਾਲਾ ਟਿੱਡਾ 'ਦੱਖਣੀ ਝੋਨਾ ਬਲੈਕ-ਸਟ੍ਰੀਕਡ ਬੌਣਾ ਵਾਇਰਸ (ਐਸ.ਆਰ.ਬੀ.ਐਸ.ਡੀ.ਵੀ)' ਨਾਂ ਦੀ ਚੌਲਾਂ ਦੀ ਨਵੀਂ ਵਾਇਰਲ ਬਿਮਾਰੀ ਨੂੰ ਫੈਲਾਉਂਦਾ ਹੈ।

ਇਹ ਵਾਇਰਲ ਬਿਮਾਰੀ ਝੋਨੇ ਵਿੱਚ ਮਧਰੇ ਪੌਦਿਆਂ ਦੀ ਸਮੱਸਿਆ ਦਾ ਕਾਰਨ ਬਣਦੀ ਹੈ। ਕਿਉਂਕਿ ਇਸ ਵਾਇਰਸ ਦੀ ਰੋਕਥਾਮ ਦਾ ਕੋਈ ਉਪਾਅ ਨਹੀਂ ਹੈ, ਇਸ ਕਰਕੇ ਇਸਨੂੰ ਫੈਲਾਉਣ ਵਾਲੇ ਵੈਕਟਰ ਦੀ ਸੁਚੱਜੀ ਰੋਕਥਾਮ ਹੀ ਇਸਦਾ ਇੱਕੋ-ਇੱਕ ਹੱਲ ਹੈ। ਪੀ ਏ ਯੂ ਦੇ ਮਾਹਿਰਾਂ ਨੇ ਇਸ ਲਈ ਕਿਸਾਨਾਂ ਨੂੰ ਚਿੱਟੀ ਪਿੱਠ ਵਾਲੇ ਟਿੱਡਿਆਂ ਦੇ ਸੁਚੱਜੇ ਪ੍ਰਬੰਧਨ ਲਈ ਹੇਠ ਲਿਖੇ ਅਨੁਸਾਰ ਸਲਾਹ ਦਿੱਤੀ ਹੈ।

ਮਾਹਿਰਾਂ ਨੇ ਦੱਸਿਆ ਕਿ ਚਿੱਟੀ ਪਿੱਠ ਵਾਲੇ ਟਿੱਡਿਆਂ ਦੀ ਮੌਜੂਦਗੀ ਲਈ ਕਿਸਾਨਾਂ ਨੂੰ ਝੋਨੇ ਦੀ ਫਸਲ ਦੀ ਸਮੇਂ-ਸਮੇਂ ਨਿਗਰਾਨੀ ਕਰਨੀ ਚਾਹੀਦੀ ਹੈ। ਖੇਤ ਵਿੱਚੋਂ ਕੁਝ ਪੌਦਿਆਂ ਨੂੰ ਥੋੜ੍ਹਾ ਜਿਹਾ ਝੁਕਾਅ ਕੇ ਪੋਲੇ-ਪੋਲੇ 2-3 ਵਾਰ ਥਾਪੜਣ ਤੋਂ ਬਾਅਦ ਜੇ ਟਿੱਡਿਆਂ ਦੇ ਬੱਚੇ/ਬਾਲਗ ਪਾਣੀ ਤੇ ਤੈਰਦੇ ਨਜ਼ਰ ਆਉਣ ਤਾਂ ਪੈਕਸਾਲੋਨ 10 ਐਸ ਸੀ (ਟਰਾਈਫਲੂਮੇਜ਼ੋਪਾਈਰਿਮ) 94 ਮਿਲੀਲਿਟਰ ਪ੍ਰਤੀ ਏਕੜ ਜਾਂ ਓਸ਼ੀਨ/ਟੋਕਨ 20 ਐਸ ਜੀ (ਡਾਈਨੋਟੈਫੂਰਾਨ) 80 ਗ੍ਰਾਮ ਪ੍ਰਤੀ ਏਕੜ ਜਾਂ ਚੈੱਸ 50 ਡਬਲਯੂ ਜੀ (ਪਾਈਮੈਟਰੋਜ਼ਿਨ) 120 ਗ੍ਰਾਮ ਨੂੰ 100 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਬਿਹਤਰ ਨਤੀਜਿਆਂ ਲਈ ਛਿੜਕਾਅ ਪੌਦਿਆਂ ਦੇ ਮੁੱਢ ਵੱਲ ਸੇਧ ਕੇ ਕਰਨਾ ਚਾਹੀਦਾ ਹੈ।

ਮਾਹਿਰਾਂ ਨੇ ਕਿਸਾਨਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਪੀ ਏ ਯੂ ਦੁਆਰਾ ਸਿਫ਼ਾਰਸ਼ ਕੀਤੀਆਂ ਤਰੀਕਾਂ ਦੀ ਪਾਲਣਾ ਕਰਨ ਕਿਉਂਕਿ 2022 ਵਿੱਚ ਅਗੇਤੇ ਲੱਗੇ ਝੋਨੇ ਵਿੱਚ ਮਧਰੇਪਨ ਦੀ ਸਮੱਸਿਆ ਜ਼ਿਆਦਾ ਦੇਖੀ ਗਈ ਸੀ। ਕਿਸਾਨਾਂ ਨੂੰ ਝੋਨੇ ਦੀ ਪਨੀਰੀ ਦੀ ਬਿਜਾਈ 20-25 ਮਈ ਅਤੇ ਇਸ ਦੀ ਲੁਆਈ 20-25 ਜੂਨ ਤੋਂ ਪਹਿਲਾਂ ਨਾ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਪੀ ਏ ਯੂ ਦੇ ਮਾਹਿਰਾਂ ਨੇ ਕਿਹਾ ਕਿ ਇਹ ਨਾ ਸਿਰਫ਼ ਵਾਇਰਲ ਬਿਮਾਰੀ ਦੇ ਪ੍ਰਬੰਧਨ ਵਿਚ ਸਹਾਇਤਾ ਕਰੇਗਾ ਬਲਕਿ ਪਾਣੀ ਦੀ ਬੱਚਤ ਵਿੱਚ ਵੀ ਸਹਾਈ ਹੋਵੇਗਾ।